## ਤੁਸੀਂ ਇੱਕ ਭੇਦਭਾਵ ਤੋਂ ਮੁਕਤ ਕੰਮ ਦੇ ਸਥਾਨ ਦੇ ਹੱਕਦਾਰ ਹੋ

ਗੈਰ-ਕਾਨੂੰਨੀ ਭੇਦਭਾਵ ਦਾ ਮਤਲਬ ਹੈ ਕਿ ਜਦੋਂ ਕੋਈ ਰੁਜ਼ਗਾਰਦਾਤਾ ਕੁਝ ਵਿਸ਼ੇਸ਼ਤਾਵਾਂ, ਜਿਵੇਂ ਕਿ ਕਰਮਚਾਰੀ ਦੀ ਨਸਲ, ਰੰਗ, ਕੌਮ, ਲਿੰਗ, ਜਿਨਸੀ ਰੁਝਾਨ, ਜਾਂ ਧਰਮ ਦੇ ਕਾਰਨ ਕਿਸੇ ਕਰਮਚਾਰੀ ਨਾਲ ਰੁਜ਼ਗਾਰ ਦੇ ਨਿਯਮਾਂ ਅਤੇ ਸ਼ਰਤਾਂ ਵਿੱਚ ਵੱਖਰਾ ਸਲੂਕ ਕਰਦਾ ਹੈ (ਉਦਾਹਰਣ ਵਜੋਂ, ਤੁਹਾਨੂੰ ਮੁਸਲਿਮ ਹੋਣ ਕਾਰਨ ਨੌਕਰੀ ਦੇਣ ਤੋਂ ਇਨਕਾਰ ਕਰਨਾ, ਔਰਤਾਂ ਨੂੰ ਘੱਟ ਤਨਖਾਹ ਦੇਣਾ, ਏਸ਼ੀਆਈ ਲੋਕਾਂ ਨੂੰ ਘਟੀਆ ਕੰਮ ਜਾਂ ਸ਼ੈਡਿਊਲ ਦੇਣਾ ਆਦਿ।

ਅਪਾਹਜਤਾ, ਗਰਭ ਅਵਸਥਾ, ਉਮਰ (40 ਸਾਲ ਤੋਂ ਵੱਧ), ਫੌਜੀ ਸਟੇਟਸ, ਅਤੇ ਵਿਆਹੁਤਾ ਸਥਿਤੀ ਵਰਗੀਆਂ ਹੋਰ ਵਿਸ਼ੇਸ਼ਤਾਵਾਂ 'ਤੇ ਆਧਾਰਿਤ ਭੇਦਭਾਵ ਵੀ ਕੁਝ ਵਿਸ਼ੇਸ਼ ਹਾਲਤਾਂ ਵਿੱਚ ਗੈਰ-ਕਾਨੂੰਨੀ ਹੋ ਸਕਦਾ ਹੈ।

ਗੈਰ-ਕਨੂੰਨੀ ਭੇਦਭਾਵ ਵਿੱਚ ਕਿਸੇ ਸੁਪਰਵਾਈਜ਼ਰ ਜਾਂ ਸਹਿ-ਕਰਮਚਾਰੀ ਦੀਆਂ ਹਰਕਤਾਂ ਜਾਂ ਟਿੱਪਣੀਆਂ ਕਰਕੇ ਪਰੇਸ਼ਾਨੀ ਜਾਂ ਇੱਕ ਵਿਰੋਧੀ ਕੰਮ ਦਾ ਮਾਹੌਲ ਸ਼ਾਮਲ ਹੋ ਸਕਦਾ ਹੈ (ਉਦਾਹਰਨ ਲਈ, ਕਰਮਚਾਰੀ ਦੀ ਨਸਲ ਜਾਂ ਧਰਮ ਦੇ ਕਾਰਨ ਬੁਰੀ ਤਰ੍ਹਾਂ ਜਾਂ ਵਿਆਪਕ ਤੌਰ 'ਤੇ ਉਸਦਾ ਨਾਂ ਵਿਗਾੜਨਾ, ਮਜ਼ਾਕ ਕਰਨਾ, ਗੁੰਡਾਗਰਦੀ ਕਰਨਾ ਜਾਂ ਧਮਕੀ ਦੇਣਾ ਜਾਂ ਕਰਮਚਾਰੀ ਦੇ ਲਿੰਗ ਦੇ ਕਾਰਨ ਅਣਚਾਹੇ ਤਰੀਕੇ ਨਾਲ ਛੂਹਣਾ ਜਾਂ ਵਾਰ-ਵਾਰ ਪ੍ਰਪੋਜ਼ ਕਰਨਾ)।

ਜਦੋਂ ਕਿਸੇ ਰੁਜ਼ਗਾਰਦਾਤਾ ਨੂੰ ਹਰਕਤਾਂ ਬਾਰੇ ਪਤਾ ਲੱਗ ਜਾਵੇ ਜਾਂ, ਪਤਾ ਹੋਣਾ ਚਾਹੀਦਾ ਹੈ, ਤਾਂ ਉਸ ਨੂੰ ਇਹਨਾਂ ਨੂੰ ਦੁਬਾਰਾ ਹੋਣ ਤੋਂ ਰੋਕਣ ਲਈ ਕਾਰਵਾਈ ਕਰਨੀ ਚਾਹੀਦੀ ਹੈ।

*ਨੋਟ: ਭੇਦਭਾਵ ਨੂੰ ਸਾਬਤ ਕਰਨਾ ਮੁਸ਼ਕਿਲ ਹੋ ਸਕਦਾ ਹੈ। ਭੇਦਭਾਵ ਦੀਆਂ ਹਰਕਤਾਂ ਜਾਂ ਟਿੱਪਣੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਨੂੰ ਰਿਕਾਰਡ ਕਰਨਾ ਬਹੁਤ ਮਹੱਤਵਪੂਰਨ ਹੈ। ਜੇ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਤੁਸੀਂ ਕੋਈ ਸ਼ਿਕਾਇਤ ਦਰਜ ਕਰਵਾਉਣਾ ਚਾਹੁੰਦੇ ਹੋ ਤਾਂ ਸਾਡੇ ਨਾਲ ਜਾਂ ਇਸ ਪੈਂਫਲੈਟ ਦੇ ਪਿਛਲੇ ਪਾਸੇ ਸੂਚੀਬੱਧ ਅਦਾਰਿਆਂ ਨਾਲ ਸੰਪਰਕ ਕਰੋ।*

## ਭਾਸ਼ਾ ਦੇ ਭੇਦਭਾਵ ਲਈ ਕੀ ਕਾਰਵਾਈ ਕੀਤੀ ਜਾਵੇਗੀ?

ਕੌਮੀ ਮੂਲ ਦੇ ਭੇਦਭਾਵ ਵਿੱਚ ਭਾਸ਼ਾ ਦਾ ਭੇਦਭਾਵ ਸ਼ਾਮਲ ਹੋ ਸਕਦਾ ਹੈ, ਜਿਵੇਂ ਕਿ:

- ਅੰਗਰੇਜ਼ੀ ਦੀ ਜਾਚ ਜਾਂ ਰਵਾਨਗੀ ਦੀਆਂ ਸ਼ਰਤਾਂ
- ਕੇਵਲ ਅੰਗਰੇਜ਼ੀ ਵਾਲੇ ਨਿਯਮ*
- ਲਹਿਜੇ ਕਰਕੇ ਭੇਦਭਾਵ

ਉਦਾਹਰਨ ਲਈ, ਬੈਕਸਟੇਜ (ਪਰਦੇ ਪਿੱਛੇ) ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਕੰਮ 'ਤੇ ਸਿਰਫ਼ ਅੰਗਰੇਜ਼ੀ ਬੋਲਣ ਦੀ ਮੰਗ ਕਰਨਾ ਗੈਰ-ਕਾਨੂੰਨੀ ਹੋ ਸਕਦਾ ਹੈ, ਭਾਵੇਂ ਉਹਨਾਂ ਦੇ ਨੌਕਰੀ ਦੇ ਫਰਜ਼ ਨਿਭਾਉਣ ਲਈ ਅੰਗਰੇਜ਼ੀ ਦੀ ਲੋੜ ਹੀ ਨਾ ਹੋਵੇ।

**ਕੈਲੀਫੋਰਨੀਆ ਵਿੱਚ, ਕੇਵਲ ਅੰਗਰੇਜ਼ੀ ਨਿਯਮਾਂ ਨੂੰ ਗੈਰ-ਕਾਨੂੰਨੀ ਮੰਨਿਆ ਜਾਂਦਾ ਹੈ। ਅਜਿਹੇ ਨਿਯਮਾਂ ਦੀ ਇਜ਼ਾਜ਼ਤ ਕੇਵਲ ਤਾਂ ਹੀ ਦਿੱਤੀ ਜਾਂਦੀ ਹੈ ਜੇ ਨੌਕਰੀ ਨਾਲ ਸਬੰਧਿਤ ਕੋਈ ਅਜਿਹੀ ਮਹੱਤਵਪੂਰਨ ਅਤੇ ਸਪੱਸ਼ਟ ਲੋੜ ਹੈ ਜਿਸਨੂੰ ਕਿਸੇ ਹੋਰ ਤਰੀਕੇ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ ਅਤੇ ਰੁਜ਼ਗਾਰਦਾਤਾ ਪਾਲਸੀ ਦੀ ਸੂਚਨਾ ਦਿੰਦਾ ਹੈ।*

## ਧਾਰਮਿਕ ਭੇਦਭਾਵ ਕੀ ਹੈ?

ਧਾਰਮਿਕ ਭੇਦਭਾਵ ਦਾ ਮਤਲਬ ਹੈ ਜਦੋਂ ਕੋਈ ਰੁਜ਼ਗਾਰਦਾਤਾ ਕਿਸੇ ਕਰਮਚਾਰੀ ਦੇ ਧਾਰਮਿਕ ਵਿਸ਼ਵਾਸ਼ਾਂ ਦੇ ਕਰਕੇ ਉਸ ਕਰਮਚਾਰੀ ਦੇ ਵਿਰੁੱਧ ਕੋਈ ਗ਼ਲਤ ਰੁਜ਼ਗਾਰ ਸੰਬੰਧੀ ਕਾਰਵਾਈ ਕਰਦਾ ਹੈ।

ਇਸ ਦਾ ਇੱਕ ਉਦਾਹਰਨ ਇਹ ਹੈ ਕਿ ਜੇ ਕੋਈ ਰੁਜ਼ਗਾਰਦਾਤਾ ਇਸ ਕਰਕੇ ਕਿਸੇ ਕਰਮਚਾਰੀ ਨੂੰ ਨੌਕਰੀ ਦੇਣ ਤੋਂ ਇਨਕਾਰ ਕਰਦਾ ਹੈ ਜਾਂ ਉਸਦੀ ਤਨਖਾਹ ਵਿੱਚ ਕਟੌਤੀ ਕਰਦਾ ਹੈ ਕਿਉਂਕਿ ਉਸਨੂੰ ਪਤਾ ਲੱਗਿਆ ਹੈ ਕਿ ਉਹ ਮੁਸਲਮਾਨ ਹੈ।

## ਤੁਹਾਨੂੰ ਆਪਣੇ ਧਰਮ ਦੀਆਂ ਉਚਿਤ ਸਹੂਲਤਾਂ ਦਾ ਅਧਿਕਾਰ ਹੈ

ਬੇਨਤੀ ਕੀਤੇ ਜਾਣ ਤੋਂ ਬਾਅਦ, ਰੁਜ਼ਗਾਰਦਾਤਾ ਨੂੰ ਕਿਸੇ ਕਰਮਚਾਰੀ ਦੇ ਧਾਰਮਿਕ ਵਿਸ਼ਵਾਸਾਂ ਜਾਂ ਰੀਤੀ ਰਿਵਾਜਾਂ ਲਈ ਉਚਿਤ ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ, ਜਦ ਤੱਕ ਕਿ ਉਹ ਸਹੂਲਤ ਰੁਜ਼ਗਾਰਦਾਤਾ ਵਾਸਤੇ ਕੋਈ ਨਾਜਾਇਜ਼ ਮੁਸ਼ਕਿਲ ਪੈਦਾ ਨਹੀਂ ਕਰਦੀ, ਜਿਵੇਂ ਕਿ:

- ਬਹੁਤ ਜ਼ਿਆਦਾ ਲਾਗਤ
- ਸੁਰੱਖਿਆ ਨਾਲ ਸਮਝੌਤਾ
- ਦੂਜੇ ਕਰਮਚਾਰੀਆਂ ਦੇ ਅਧਿਕਾਰਾਂ ਦੀ ਉਲੰਘਣਾ

.

ਗ੍ਰਾਹਕ ਦੀ ਪਸੰਦ ਜਾਂ ਪੱਖਪਾਤ ਕਿਸੇ ਕਰਮਚਾਰੀ ਨੂੰ ਧਾਰਮਿਕ ਸਹੂਲਤਾਂ ਤੋਂ ਨਕਾਰਨਾ ਕੋਈ ਢੁਕਵਾਂ ਕਾਰਨ ਨਹੀਂ ਹੈ।

ਉਹ ਸਹੂਲਤਾਂ ਜੋ ਉਚਿਤ *ਹਨ* (ਅਤੇ ਉਹਨਾਂ ਨੂੰ ਨਾਜਾਇਜ਼ ਮੁਸ਼ਕਿਲ <u>ਨਹੀਂ</u> ਮੰਨਿਆ ਜਾਂਦਾ) ਉਹਨਾਂ ਵਿੱਚ ਸ਼ਾਮਲ ਹਨ:

- ਜੁੰਮੇ ਦੀ ਨਮਾਜ਼ ਦੀ ਸਹੂਲਤ ਦੇਣ ਲਈ ਸ਼ੈਡਿਊਲ ਵਿੱਚ ਤਬਦੀਲੀ
- ਕੱਪੜੇ ਪਹਿਨਣ ਜਾਂ ਸਜਣ ਦੀਆਂ ਰਸਮਾਂ, ਜਿਸ ਵਿੱਚ ਹਿਜਾਬ ਜਾਂ ਕੁਫੀ ਪਹਿਨਣ ਦਾ ਅਧਿਕਾਰ, ਜਾਂ ਲੰਬੇ ਵਾਲ ਜਾਂ ਦਾੜ੍ਹੀ ਰੱਖਣਾ ਵੀ ਸ਼ਾਮਲ ਹੈ
- ਧਾਰਮਿਕ ਤਿਉਹਾਰ ਮਨਾਉਣ ਲਈ ਬ੍ਰੇਕ

ਜੇ ਰੁਜ਼ਗਾਰਦਾਤਾ ਕੋਲ ਵੱਖਰੀਆਂ ਪ੍ਰਸਤਾਵਿਤ ਸੁਵਿਧਾਵਾਂ ਹਨ ਜੋ ਧਾਰਮਿਕ ਲੋੜ ਨੂੰ ਪੂਰਾ ਕਰਦੀਆਂ ਹਨ, ਤਾਂ ਰੁਜ਼ਗਾਰਦਾਤਾ ਨੂੰ ਕਰਮਚਾਰੀ ਦੁਆਰਾ ਬੇਨਤੀ ਕੀਤੀਆਂ ਵਿਸ਼ੇਸ਼ ਧਾਰਮਿਕ ਸਹੂਲਤਾਂ ਪ੍ਰਦਾਨ ਕਰਨ ਦੀ ਕੋਈ ਲੋੜ ਨਹੀਂ ਹੈ।

## ਅੰਤਮ ਤਾਰੀਖਾਂ (ਡੈੱਡਲਾਈਨਾਂ)

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਵਿਤਕਰਾ/ਭੇਦਭਾਵ ਕੀਤਾ ਗਿਆ ਹੈ, ਤਾਂ ਜਲਦੀ ਤੋਂ ਜਲਦੀ ਕਾਰਵਾਈ ਕਰਨਾ ਅਤੇ ਵਕੀਲ ਕਰਨਾ, ਕੈਲੀਫੋਰਨੀਆ ਸਿਵਲ ਰਾਈਟਸ ਡਿਪਾਰਟਮੈਂਟ (CRD), ਅਤੇ/ਜਾਂ ਬਰਾਬਰ ਰੁਜ਼ਗਾਰ ਅਵਸਰ ਕਮਿਸ਼ਨ (EEOC) ਨਾਲ ਜਲਦੀ ਤੋਂ ਜਲਦੀ ਸੰਪਰਕ ਕਰਨਾ ਜ਼ਰੂਰੀ ਹੈ। ਭੇਦਭਾਵ ਦਾ ਦਾਅਵਾ ਦਾਇਰ ਕਰਨ ਲਈ ਸਮਾਂ ਸੀਮਾਵਾਂ ਹਨ। ਆਮ ਤੌਰ 'ਤੇ, CRD ਨਾਲ ਵਿਤਕਰਾ/ਭੇਦਭਾਵ ਦਾ ਦਾਅਵਾ ਦਾਇਰ ਕਰਨ ਦੀ ਅੰਤਮ ਤਾਰੀਖ/ਮਿਆਦ ਵਿਤਕਰਾ/ਭੇਦਭਾਵ ਹੋਣ ਤੋਂ ਇੱਕ ਸਾਲ ਤੱਕ ਹੁੰਦੀ ਹੈ। EEOC ਕੋਲ ਵਿਤਕਰਾ/ਭੇਦਭਾਵ ਦਾ ਦਾਅਵਾ ਦਾਇਰ ਕਰਨ ਦੀ ਅੰਤਮ ਤਾਰੀਖ ਭੇਦਭਾਵ ਹੋਣ ਦੇ 300 ਦਿਨਾਂ ਦੇ ਅੰਦਰ ਹੁੰਦੀ ਹੈ।

## ਜੇ ਕੰਮ ਦੇ ਸਥਾਨ 'ਤੇ ਮੇਰੇ ਨਾਲ ਭੇਦਭਾਵ ਕੀਤਾ ਜਾਂਦਾ ਹੈ ਜਾਂ ਮੈਨੂੰ ਪਰੇਸ਼ਾਨ ਕੀਤਾ ਜਾਂਦਾ ਹੈ ਤਾਂ ਮੈਨੂੰ ਮਦਦ ਕਿੱਥੋਂ ਮਿਲ ਸਕਦੀ ਹੈ?

ਜੇ ਤੁਹਾਨੂੰ ਲੱਗਦਾ ਹੈ ਕਿ ਕੰਮ ਦੇ ਸਥਾਨ 'ਤੇ ਤੁਹਾਡੇ ਨਾਲ ਗੈਰ-ਕਾਨੂੰਨੀ ਤੌਰ 'ਤੇ ਭੇਦਭਾਵ ਕੀਤਾ ਜਾ ਰਿਹਾ ਹੈ ਜਾਂ ਤੁਹਾਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਤਾਂ ਤੁਸੀਂ ਏਸ਼ੀਅਨ ਲਾਅ ਕਾਕਸ ਨਾਲ ਸੰਪਰਕ ਕਰ ਸਕਦੇ ਹੋ। ਅਸੀਂ ਮੁਫ਼ਤ ਅਤੇ ਤੁਹਾਡੀ ਭਾਸ਼ਾ ਵਿੱਚ ਕਨੂੰਨੀ ਸਲਾਹ-ਮਸ਼ਵਰੇ ਪ੍ਰਦਾਨ ਕਰਾਉਂਦੇ ਹਾਂ, ਜਿਸ ਵਿੱਚ ਚੀਨੀ, ਅਰਬੀ ਅਤੇ ਫਾਰਸੀ ਭਾਸ਼ਾਵਾਂ ਸ਼ਾਮਲ ਹਨ।

55 Columbus Avenue
San Francisco, CA 94111
415-896-1701
www.asianlawcaucus.org

ਤੁਸੀਂ ਉਹਨਾਂ ਪ੍ਰਾਂਤਕੀ ਅਤੇ/ਜਾਂ ਸੰਘੀ ਏਜੰਸੀਆਂ ਨਾਲ ਵੀ ਸੰਪਰਕ ਕਰ ਸਕਦੇ ਹੋ ਅਤੇ/ਜਾਂ ਉਹਨਾਂ ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ ਜੋ ਪ੍ਰਾਂਤਕੀ ਅਤੇ ਸੰਘੀ ਭੇਦਭਾਵ ਵਿਰੋਧੀ ਕਾਨੂੰਨਾਂ ਨੂੰ ਲਾਗੂ ਕਰਦੀਆਂ ਹਨ।

**ਕੈਲੀਫੋਰਨੀਆ ਸਿਵਲ ਰਾਈਟਸ ਡਿਪਾਰਟਮੈਂਟ (**CRD), **ਤੱਕ ਪਹੁੰਚ ਕੀਤੀ ਜਾ ਸਕਦੀ ਹੈ:**

**ਸਿਵਲ ਰਾਈਟਸ ਡਿਪਾਰਟਮੈਂਟ (**CRD)
555 12th Street, Suite 2050
Oakland, CA 94607
**ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ** 8 **ਵਜੇ ਤੋਂ ਸ਼ਾਮ** 5 **ਵਜੇ ਤੱਕ**
**ਫੋਨ: (**800) 884-1684
contact.center@calcivilrights.ca.gov

ਯੂਐਸ ਰੁਜ਼ਗਾਰ ਦੇ ਬਰਾਬਰ ਮੌਕੇ ਦੇ ਕਮਿਸ਼ਨ (EEOC) ਨਾਲ ਏਥੇ ਸੰਪਰਕ ਕੀਤਾ ਜਾ ਸਕਦਾ ਹੈ:

EEOC ਸੈਨ ਫ਼ਰਾਂਸਿਸਕੋ ਡਿਸਟ੍ਰਿਕਟ ਦਫ਼ਤਰ
450 Golden Gate Avenue, 5th floor West
San Francisco, California 94102
415-522-3000
www.eeoc.gov

# ਆਪਣੇ ਅਧਿਕਾਰ ਜਾਣੋ:

# ਕੰਮ ਦੇ ਸਥਾਨ 'ਤੇ ਭੇਦਭਾਵ, ਜਾਇਜ਼ ਸਹੂਲਤਾਂ, ਅਤੇ ਪਰੇਸ਼ਾਨ ਕਰਨਾ

Discrimination at Work Punjabi

***1972 ਤੋਂ ਸਮਾਜ ਦੀ ਸੇਵਾ ਵਿੱਚ***

***ਏਸ਼ੀਅਨ ਲਾਅ ਕਾਕਸ (Asian Law Caucus) ਦਾ ਮਿਸ਼ਨ ਏਸ਼ੀਅਨ ਅਤੇ ਪੈਸੀਫਿਕ ਆਈਲੈਂਡਰ ਦੀਆਂ ਕਮਿਊਨਿਟੀਆਂ (API) ਦੇ ਕਨੂੰਨੀ ਅਤੇ ਨਾਗਰਿਕ ਅਧਿਕਾਰਾਂ ਦਾ ਪ੍ਰਚਾਰ ਕਰਨਾ, ਇਹਨਾਂ ਨੂੰ ਅੱਗੇ ਵਧਾਉਣਾ ਅਤੇ ਇਹਨਾਂ ਦੀ ਪ੍ਰਤੀਨਿਧਤਾ ਕਰਨਾ ਹੈ, ਇਸ ਤੱਥ ਨੂੰ ਸਵੀਕਾਰ ਕਰਦੇ ਹੋਏ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਨਸਲੀ ਅਸਮਾਨਤਾਵਾਂ ਮੌਜੂਦ ਹਨ, ਏਸ਼ੀਅਨ ਲਾਅ ਕਾਕਸ (Asian Law Caucus) ਸਾਡੇ ਸਮਾਜ ਦੇ ਸਾਰੇ ਲੋਕਾਂ ਵਾਸਤੇ ਬਰਾਬਰੀ ਅਤੇ ਇਨਸਾਫ ਦੀ ਪ੍ਰਾਪਤੀ ਲਈ ਵਚਨਬੱਧ ਹੈ, ਜਦਕਿ ਇਸਦਾ ਵਿਸ਼ੇਸ਼ ਧਿਆਨ ਘੱਟ ਆਮਦਨੀ, ਪ੍ਰਵਾਸੀ, ਅਤੇ ਨਾਕਾਫ਼ੀ ਸੇਵਾਵਾਂ ਪ੍ਰਾਪਤ ਕਰਨ ਵਾਲੇ APIs ਦੀਆਂ ਲੋੜਾਂ ਨੂੰ ਪੂਰਾ ਕਰਨ ਵੱਲ ਹੈ।***

**2024 ਏਸ਼ੀਅਨ ਲਾਅ ਕਾਕਸ**

**ਆਖਰੀ ਅਪਡੇਟ: 10/25/2024**

**ਅਸੀਂ ਇਸ ਬਰੌਸ਼ਰ ਨੂੰ ਮੁੜ-ਪ੍ਰਕਾਸ਼ਿਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਅਤੇ ਕੇਵਲ ਇਹ ਮੰਗ ਕਰਦੇ ਹਾਂ ਕਿ ਮੁੜ-ਪ੍ਰਿੰਟ ਕਰਦੇ ਸਮੇਂ ਤੁਸੀਂ ਏਸ਼ੀਅਨ ਲਾਅ ਕਾਕਸ (Asian Law Caucus) ਨੂੰ ਕ੍ਰੈਡਿਟ ਦਿਓ।**

**ਇਹ ਹੈਂਡਆਉਟ ਕਾਨੂੰਨ ਪ੍ਰਤੀ ਜਨਤਕ ਜਾਗਰੂਕਤਾ ਵਧਾਉਣ ਦੇ ਉਦੇਸ਼ਾਂ ਲਈ ਵੰਡਿਆ ਗਿਆ ਹੈ। ਇਸ ਜਾਣਕਾਰੀ ਨੂੰ ਕਨੂੰਨੀ ਸਲਾਹ ਵਜੋਂ ਨਾ ਲਿਆ ਜਾਵੇ।**

**ਇਹ UC ਬਰਕਲੇ ਦੇ ਸਿਵਲ ਰਾਈਟਸ ਆਊਟਰੀਚ ਪ੍ਰੋਜੈਕਟ (CROP) ਅਤੇ ਕੰਮ 'ਤੇ ਕਾਨੂੰਨੀ ਸਹਾਇਤਾ (ਜੋ ਪਹਿਲਾਂ ਕਾਨੂੰਨੀ ਸਹਾਇਤਾ ਸੋਸਾਇਟੀ - ਰੁਜ਼ਗਾਰ ਕਾਨੂੰਨ ਕੇਂਦਰ ਸੀ) ਤੋਂ ਲਿਆ ਗਿਆ।**